ਭਗਤ ਸਿੰਘ ਨਾਲ ਮੁਲਾਕਾਤ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਓੜਕ ਇਕ ਦਿਨ ਆ ਗਿਆ* ਕਿ ਆਥਣ ਦੇ ਛੇ ਬਜੇ ਦੇ ਕਰੀਬ ਮੇਰੀ ਰਿਹਾਈ ਦੇ ਸ਼ਾਦੀਆਨੇ ਜੇਲ੍ਹ ਵਿਚ ਵੱਜ ਗਏ। ਅਸੀਂ ਕੋਠੀ ਵਿਚ ਅੰਦਰ ਬੈਠੇ ਅਨੰਦ ਮਾਣ ਰਹੇ ਸਾਂ। ਕੀ ਦੇਖਦੇ ਹਾਂ ਕਿ ਕਈ ਦੇਸ਼ ਭਗਤ ਵੀਰ ਵਾਹੋ ਦਾਹ ਭੱਜੇ ਚਲੇ ਆ ਰਹੇ ਹਨ। ਸਭ ਤੋਂ ਪਹਿਲੋਂ ਅਤੇ ਮੂਹਰੇ ਆ ਕੇ ਵੀਰ ਗੱਜਨ ਸਿੰਘ (ਮਾਸਟਰ) ਨੇ ਆਣ ਵਧਾਈਆਂ ਸੁਣਾਈਆਂ ਤੇ ਕਹਿਣ ਲਗਾ – 'ਭਾਈ ਸਾਹਿਬ! ਤੁਹਾਡੀ ਰਿਹਾਈ ਦਾ ਪਰਵਾਨਾ ਆ ਗਿਆ, ਚਲੋ, ਉਠੋ ਤਿਆਰ ਹੋ ਜਾਓ।' ਇਕ ਆਨ ਵਿਚ ਸਾਰੇ ਦੇਸ਼ ਭਗਤ ਭਰਾ ਮੇਰੇ ਗਿਰਦ ਆਣ ਇਕੱਠੇ ਹੋਏ, ਪਰਵਾਨਾ ਪੜ੍ਹ ਪੜ੍ਹ ਮੈਨੂੰ ਸੁਣਾਉਣ ਅਤੇ ਗਦ ਗਦ ਹੋ ਜਾਣ। ਦਾਸ ਨੂੰ ਏਤਨੀ ਰਿਹਾਈ ਦੀ ਖ਼ੁਸ਼ੀ ਨਾ ਆਵੇ ਜਿਤਨਾ ਕਿ ਵੀਰ ਕਰਤਾਰ ਸਾਰਖੇ ਸਹੋਦਰ ਵੀਰਾਂ ਦਾ ਵਿਜੋਗ ਵਿਛੋੜਾ ਹਿਰਦੇ ਨੂੰ ਬਿਹਬਲ ਕਰ ਕਰ ਜਾਵੇ। ਮੈਂ ਤਾਂ ਏਹਨਾਂ ਦੁਚਿੱਤੀਆਂ ਦੁਰੁਖੀਆਂ ਵਿਚ ਫਾਥਾ ਸੁੰਨ ਮਸੁੰਨ ਹੁੰਦਾ ਜਾਵਾਂ ਅਤੇ ਵੀਰ ਜਨ ਮੇਰੇ ਦੁਆਲੇ ਹੋ ਕੇ ਮੇਰੀ ਵਿਦਾਇਗੀ ਦੀਆਂ ਪ੍ਰੇਮ ਮਿਲਉਣੀਆਂ ਆ ਮਿਲੀਵਣ। ਜੇਲ੍ਹ ਦੂਤ ਜੇਲ੍ਹੋਂ ਬਾਹਰ ਨਿਕਲਣ ਲਈ ਅਤੇ ਰਿਹਾਈ ਦੀ ਆਇਸ ਵਿਚ ਲੈ ਜਾਣ ਲਈ ਤਹੂ ਹੋਏ ਖੜੋਤੇ ਅਤੇ ਮੇਰੇ ਪੈਰ ਪੁੱਟਣ ਨੂੰ ਜੀ ਨਾ ਕਰੇ। ਜੀਉ ਤਾਂ ਪਿਆਰਿਆਂ ਦੇ ਪਿਆਰ ਵਿਜੋਗ ਅਹਿਸਾਸ ਵਿਚ ਪੈਖੜਿਆ ਪਿਆ। ਓੜਕ ਮੈਨੂੰ ਲੈ ਕੇ ਸਭਸ ਨੇ ਰਿਹਾ ਹੋ ਜਾਣ ਲਈ ਤਿਆਰ ਕਰ ਹੀ ਦਿਤਾ। ਪਿਆਰਿਆਂ ਨਾਲ ਨਦੀਆਂ ਵਾਹ ਵਿਛੁੰਨੀਆਂ ਵਾਲੇ ਵਿਜੋਗ ਦੀਆਂ ਜਲਜੱਫੜੀਆਂ ਪਾ ਪਾ ਕੇ ਸਜਲ ਨੇਤ੍ਰਾਂ ਨੂੰ ਲੈ ਕੇ ਵਿਦਾ ਹੋਇਆ। ਜੇਲ੍ਹ ਸੈਂਟਰ ਦੇ ਬੁਰਜ ਦੇ ਬਰਾਬਰ ਪੁਜੇ ਤਾਂ ਅਗਾਹਾਂ ਹਸੂੰ ਹਸੂੰ ਕਰਦਾ ਦਰੋਗਾ ਮਿਲਿਆ, ਜੋ ਕਿ ਮੇਰੇ ਵਲ ਅਗੋਂ ਹੀ ਆ ਗਿਆ ਸੀ। ਮੈਨੂੰ ਦੇਖਣ ਸਾਰ ਰਿਹਾਈ ਦੀਆਂ ਵਧਾਈਆਂ ਦਿੱਤੀਆਂ। ਮੈਂ ਵਧਾਈਆਂ ਤਾਂ ਸੁਣੀਆਂ ਅਣ ਸੁਣੀਆਂ ਹੀ ਕਰ ਦਿੱਤੀਆਂ ਅਤੇ ਉਸ ਨੂੰ ਆਖਿਆ ਕਿ 'ਹੁਣ ਤੁਹਾਡੇ ਬਚਨ ਦੇ ਪੂਰਾ ਕਰਨ ਦਾ ਵੇਲਾ ਭੀ ਆ ਗਿਆ ਹੈ, ਸੋ ਮੌਕਾ ਸੰਭਾਲੋ।' ਹੱਸ ਕੇ ਕਹਿਣ ਲਗਾ ਕਿ, 'ਭਗਤ ਸਿੰਘ ਦੀ ਮੁਲਾਕਾਤ ਵਾਲਾ, ਮੈਂ ਅੱਗੇ ਹੀ ਸਭ ਬੰਦੋਬਸਤ ਕਰ ਲਿਆ ਹੈ। ਦੋ ਘੰਟੇ ਦੀ ਖੁਲ੍ਹੀ ਮੁਲਾਕਾਤ ਕਰੋ।' ਮੈਂ ਆਖਿਆ, 'ਮੰਨਜ਼ੂਰੀ ਲੈ ਲਈ ਹੈ? ਕੀ ਸੁਪ੍ਰੰਟੈਡੰਟ ਸਾਹਿਬ ਤੋਂ ਪੁੱਛ ਲਿਆ ਹੈ?'

ਦਰੋਗਾ – ਉਸ ਤੋਂ ਮੈਂ ਕੀ ਪੁੱਛਣਾ ਸੀ, ਸਗੋਂ ਸੁਪ੍ਰੰਟੰਡੰਟ ਆਪ ਮੈਨੂੰ ਪੁੱਛਣ ਦੀ ਪਰੇਸ਼ਾਨੀ ਵਿਚ ਹੈਰਾਨ ਹੋਇਆ ਫਿਰਦਾ ਸੀ। ਜਦੋਂ ਤੁਹਾਡੀ ਰਿਹਾਈ ਆਈ ਤਾਂ ਸੁਪ੍ਰੰਟੰਡੰਟ ਨੇ ਆਪ ਮੈਨੂੰ

---

* ੪ ਅਕਤੂਬਰ ੧੯੩੦ ।

ਬੁਲਾਇਆ ਅਤੇ ਫ਼ਿਕਰਮੰਦ ਹੋ ਕੇ ਪੁੱਛਿਆ ਕਿ ਕੋਈ ਬਿਧ ਬਣਾਉ ਕਿ ਰਿਹਾਈ ਚੁੱਪ ਚੁਪਾਤੇ ਹੋ ਜਾਏ। ਬਾਹਰ ਰਿਹਾਈ ਕੇ ਉਡੀਕਵਾਨਾਂ ਦੀਆਂ ਪਿਕਟਾਂ ਲੱਗੀਆਂ ਰਹਿੰਦੀਆਂ ਹਨ। ਜੇਲ੍ਹੋਂ ਨਿਕਲਦੇ ਹੀ ਕਣਸੋ ਫਿਰ ਗਈ, ਤਾਂ ਜਲੂਸਾਂ ਦੇ ਘਮਸਾਣ ਝੱਲੇ ਨਹੀਂ ਜਾਣੇ, ਬੜੀ ਬਦਨਾਮੀ ਹੋਵੇਗੀ। ਜੇਲ੍ਹ ਕਰਮਚਾਰੀਆਂ ਨੂੰ ਭੀ ਗਵਰਨਮੈਂਟ ਦੀ ਹਦਾਇਤ ਹੈ ਕਿ ਬੇਖ਼ਬਰੀ ਅਤੇ ਚੁਪ-ਚੁਪਾਤੀ ਰਿਹਾਈ ਹੋਵੇ। ਤੁਸੀਂ ਕਈਆਂ ਦਿਨਾਂ ਦੇ ਦੇਖ ਰਹੇ ਹੋ ਕਿ ਕਿਵੇਂ ਬਾਹਰ ਰਿਹਾਈ ਕਣਸੋਊਆਂ ਦੀਆਂ ਸਾਰਾ ਸਾਰਾ ਦਿਨ ਪਿਕਟਾਂ ਲਗੀਆਂ ਰਹਿੰਦੀਆਂ ਹਨ। ਦਿਨ ਛਿਪੇ ਤਾਈਂ ਜੇਲ੍ਹ ਦਾ ਬੂਹਾ ਮੱਲੀ ਰਖਦੇ ਹਨ। ਸੋ ਐਸੀ ਬਿਉਂਤ ਬਣਾਉ ਕਿ ਬੇਖ਼ਬਰੇ ਹੀ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਸੁਖ ਸਹਿਜ ਸੇਤੀ ਕੱਢ ਦੇਈਏ ਅਤੇ ਸਾਡੇ ਨਾਮ ਤੇ ਕੋਈ ਹਰਫ਼ ਨਾ ਆਏ। ਮੈਨੂੰ ਓਦੋਂ ਹੀ ਸੁੱਝ ਪਈ ਅਤੇ ਸੋਹਣੀ ਸੁੱਝੀ ਤੇ ਮੈਂ ਤਾਬੜ ਤੋੜ ਹੀ ਵੇਲੇ ਨੂੰ ਸੰਭਾਲ ਕੇ ਉਤਰ ਦਿੱਤਾ ਕਿ 'ਸਾਹਿਬ! ਆਪ ਫ਼ਿਕਰਮੰਦ ਨਾ ਹੋਵੋ। ਮੈਂ ਆਪ ਨੂੰ ਸੋਹਣੀ ਤਜਵੀਜ਼ ਸੁਝਾਉਂਦਾ ਹਾਂ, ਪਸੰਦ ਆਵੇ ਤਾਂ ਹੁਕਮ ਦਿਓ। ਆਪ ਨੂੰ ਯਾਦ ਹੋਵੇਗਾ ਜਿਸ ਦਿਨ ਰਣਧੀਰ ਸਿੰਘ ਇਸ ਜੇਲ੍ਹ ਵਿਚ ਆਇਆ ਸੀ, ਉਸੇ ਦਿਨ ਹੀ ਭਗਤ ਸਿੰਘ ਫਾਂਸੀ ਵਾਲੇ ਨੇ ਆਪ ਦੇ ਪਾਸ ਉਸ ਨੂੰ ਮਿਲਣ ਲਈ ਦਰਖ਼ਾਸਤ ਕੀਤੀ ਸੀ, ਪਰ ਆਪ ਨੇ ਮੰਨਜ਼ੂਰ ਨਹੀਂ ਕੀਤੀ ਸੀ। ਮੇਰੇ ਖਿਆਲ ਵਿੱਚ ਜੇ ਹੁਣ ਅਸੀਂ ਮੁਲਾਕਾਤ ਦੀ ਇਜਾਜ਼ਤ ਦੇ ਦੇਈਏ ਤਾਂ ਦੋ ਘੰਟੇ ਏਵੇਂ ਹੀ ਗੁਜ਼ਰ ਜਾਣਗੇ ਅਤੇ ਏਤਨੇ ਨੂੰ ਖ਼ਾਸਾ ਅੰਨ੍ਹੇਰਾ ਹੋ ਜਾਏਗਾ। ਅੱਠ ਬਜੇ ਦੇ ਕਰੀਬ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਟੋਰ ਦਿਆਂਗੇ, ਕਿਸੇ ਤਾਈਂ ਰਿਹਾਈ ਦਾ ਮੁਸ਼ਕ ਤਕ ਨਹੀਂ ਨਿਕਲੇਗਾ।' ਸੁਪ੍ਰੰਟੰਡੰਟ ਸਾਹਿਬ ਨੂੰ ਮੇਰੀ ਇਹ ਤਜਵੀਜ਼ ਬੜੀ ਪਸਿੰਦ ਆਈ ਅਤੇ ਬੜੀ ਖ਼ੁਸ਼ੀ ਨਾਲ ਇਜਾਜ਼ਤ ਦੇ ਦਿਤੀ ਕਿ ਭਗਤ ਸਿੰਘ ਨਾਲ ਇਸਦੀ ਮੁਲਾਕਾਤ ਕਰਾਓ। ਸੋ ਤੁਸੀਂ ਹੁਣ ਜਾਉ ਭਗਤ ਸਿੰਘ ਨਾਲ ਖੁਲ੍ਹੀ ਮੁਲਾਕਾਤ ਕਰੋ। ਮੈਂ ਤੁਹਾਡੇ ਨਾਲ ਇਕ ਕੈਦੀ ਵਾਰਡਰ ਤੋਰ ਦਿੰਦਾ ਹਾਂ ਜੋ ਤੁਹਾਨੂੰ ਉਸ ਪਾਸ ਲੈ ਜਾਏਗਾ।

ਏਹ ਕਹਿ ਕੇ ਦਰੋਗੇ ਨੇ ਇਕ ਕੈਦੀ ਵਾਰਡਰ ਮੇਰੇ ਨਾਲ ਕਰ ਦਿਤਾ ਅਤੇ ਉਸਨੂੰ ਹੁਕਮ ਦੇ ਦਿਤਾ ਕਿ ਭਗਤ ਸਿੰਘ ਨਾਲ ਇਸਦੀ ਖੁਲ੍ਹੀ ਮੁਲਾਕਾਤ ਕਰਾਉ। ਭਗਤ ਸਿੰਘ ਦਾ ਉਸ ਵੇਲੇ ਟਹਿਲਣ ਦਾ ਵਕਤ ਸੀ। ਉਸ ਨੂੰ ਸ਼ਾਇਦ ਪਹਿਲਾਂ ਹੀ ਮੁਲਾਕਾਤ ਦੀ ਮੰਨਜ਼ੂਰੀ ਸੁਣਾ ਦਿਤੀ ਹੋਈ ਸੀ। ਮੈਨੂੰ ਦੂਰੋਂ ਦੇਖ ਕੇ ਹੀ ਮੇਰੇ ਵਲ ਭੱਜਿਆ ਆਇਆ। ਮੈਂ ਹਾਤੇ ਦੇ ਜੰਗਲੇ ਦੇ ਬਾਹਰ ਖਲੋਤਾ ਰਿਹਾ। ਉਸ ਨੇ ਅੰਦਰ ਵਾਰ ਐਨ ਮੇਰੇ ਕੋਲ ਆ ਕੇ ਬੜੇ ਹੀ ਸਤਿਕਾਰ ਨਾਲ ਮੈਨੂੰ ਨਮਸਕਾਰ ਕੀਤੀ ਅਤੇ ਝੁਕ ਝੁਕ ਕੇ ਜੋਹਾਰ ਕੀਤਾ। ਮੈਂ ਵੀ ਦੋਇ ਕਰ ਜੋੜ ਫ਼ਤਹ ਬੁਲਾਈ। ਕੈਦੀ ਵਾਰਡਰ ਸਾਨੂੰ ਕੋਲ ਕੋਲ ਕਰਕੇ ਲਾਂਭੇ ਹੋ ਗਿਆ। ਅੰਦਰਲੇ ਹਾਤੇ ਵਲੋਂ ਭੀ ਕੋਈ ਸਿਪਾਹੀ ਜਾਂ ਵਾਰਡਰ ਸਾਡੇ ਨੇੜੇ ਨਾ ਆਇਆ। ਅਸੀਂ ਦੋਇ ਪੂਰੇ ਏਕਾਂਤ ਵਿਚ ਪ੍ਰਸਪਰ ਆਹਮੋ ਸਾਹਮਣੇ ਹੋਏ ਖਲੋਤੇ ਹਾਂ। ਭਗਤ ਸਿੰਘ ਬਿਰਹੇ-ਮਿਲਾਪ ਦੀ ਕਰਣਾ ਕਿਰਤੱਗਨੀ ਖ਼ੁਸ਼ੀ ਵਿਚ ਉੱਛਲ ਕੇ ਜ਼ਾਰੋ ਕਤਾਰ

ਹੰਝੂ ਬਹਾ ਰਿਹਾ ਹੈ। ਅਣਡਿਠਿਆਂ ਹੀ ਏਤਨੇ ਪਿਆਰ ਸਤਿਕਾਰ ਦੀ ਬਿਹਬਲਤਾ ਵਿਰਲੀ ਵਾਂਝੀ ਹੀ ਡਿਠੀ ਸੁਣੀ ਸੀ। ਜਾਂਣੋ ਮੁੱਦਤਾਂ ਦਾ ਹੀ ਜਾਣੂ ਪਛਾਣੂ ਹੈ। ਗਦ ਗਦ ਹੋ ਕੇ ਕਹਿਣ ਲਗਾ – ‘ਅਜ ਮੇਰੀਆਂ ਖੁਸ਼ੀਆਂ ਦੀ ਹੱਦ ਕੋਈ ਨਹੀਂ ਰਹੀ, ਮੇਰੇ ਦਿਲ ਵਿਚ ਏਹ ਤਾਂਘ ਦਿਨ ਰਾਤ ਰਹਿੰਦੀ ਸੀ ਕਿ ਕਿਵੇਂ ਅਤੇ ਕਦੋਂ ਆਪ ਦੇ ਦਰਸ਼ਨ ਨਸੀਬ ਹੋਣ, ਸੋ ਅਜ ਏਹ ਭਾਗਾਂ ਭਰੀ ਘੜੀ ਹੈ ਕਿ ਮੇਰੀਆਂ ਆਸਾਂ ਪੂਰੀਆਂ ਹੋਈਆਂ। ਮੈਂ ਆਪ ਦਾ ਜੀਵਨ ਅਤੇ ਆਪ ਦੀਆਂ ਜੇਲ੍ਹ ਕਰੜਾਈਆਂ ਦੀਆਂ ਘਾਲਾਂ ਸੁਣ ਸੁਣ ਕੇ ਹੀ ਆਪ ਦਾ ਪਰੇਮ-ਸ਼ੈਦਾਈ ਹੋ ਗਿਆ ਸੀ। ੧੯੧੪-੧੫ ਵਾਲਿਆਂ ਦੀ ਦੇਸ਼ ਭਗਤੀ ਦੀ ਸੱਚੀ ਸੁੱਚੀ ਨਜ਼ੀਰ ਨੇ ਮੇਰੇ ਵਰਗੇ ਨਾਚੀਜ਼ ਪੁਰਸ਼ਾਂ ਨੂੰ ਕੌਮ ਭਗਤੀ ਦੀ ਹੁੱਬ ਲਈ ਉਭਾਰਿਆ ਹੈ। ਜੋ ਜੋ ਘਾਲਾਂ ਆਪ ਸਜਣਾਂ ਨੇ ਘਾਲੀਆਂ ਹਨ, ਉਸ ਦੇ ਮੁਕਾਬਲੇ ਵਿਚ ਮੈਂ ਜਿਹਾਂ ਦੀਆਂ ਕਰਨੀਆਂ ਤਾਂ ਐਵੇਂ ਤੁੱਛ ਮਾਤਰ ਹੀ ਹਨ। ਮੇਰੇ ਹਿਰਦੇ ਉਤੇ ਆਪ ਦੇ ਜੀਵਨ ਦਾ ਅਸਰ ਖ਼ਾਸ ਖਸੂਸੀਅਤ ਨਾਲ ਅਸਰ ਪਜ਼ੀਰ ਹੋਇਆ ਹੈ। ਆਪ ਨੂੰ ਸ਼ਾਇਦ ਮੁਨਸ਼ੀ ਮੰਨਾ ਸਿੰਘ ਨੇ ਦਸਿਆ ਹੀ ਹੋਣਾ ਹੈ ਕਿ ਕਿਸ ਇਸ਼ਤਿਆਕ ਨਾਲ ਮੈਂ ਮਹੀਨਿਆਂ ਬੱਧੀ ਆਪ ਨੂੰ ਯਾਦ ਕਰਦਾ ਰਿਹਾ ਹਾਂ। ਮੈਂ ਸਾਫ਼ ਕਹਾਂਗਾ ਕਿ ਮੇਰੀ ਖਿੱਚ ਨੇ ਹੀ ਆਪ ਨੂੰ ਖਿੱਚ ਕੇ ਇਸ ਜੇਲ੍ਹ ਵਿੱਚ ਮੁੜ ਸੋਲਾਂ ਸਾਲਾਂ ਪਿਛੋਂ ਲੈ ਆਂਦਾ ਹੈ। ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸਾ ਭੇਜਿਆ ਸੀ, ਉਸ ਸੰਦੇਸੇ ਦੇ ਉੱਤਰ ਵਿਚ ਜੋ ਆਪਦਾ ਹੁਕਮਨਾਮਾ ਕੇਸ ਦਾੜ੍ਹੀ ਰੱਖਣ ਦਾ ਪੁੱਜਾ ਸੀ, ਸੋ ਦਾਸ ਹਿਤੋਂ ਚਿਤੋਂ ਕਮਾਉਣ ਨੂੰ ਤਿਆਰ ਹੈ। ਆਪ ਦੇ ਅਗੇ ਬੜਾ ਸ਼ਰਮਸਾਰ ਭੀ ਹਾਂ ਅਤੇ ਨਿਝੱਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਛ ਕੇਸ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜਬੂਰਨ ਕਰ ਬੈਠਾ ਹਾਂ। ਸੇਵਾ ਉਪਕਾਰ ਹਿਤ ਮੈਨੂੰ ਮੇਰੇ ਸਾਥੀਆਂ ਨੇ ਮਜਬੂਰ ਕੀਤਾ ਸੀ ਕਿ ਇਸ ਵਡ-ਰੂਪੀ ਦਾ ਵੇਸ ਪਲਟਿਆ ਜਾਏ ਅਤੇ ਸੰਨਿਆਸੀ ਸਾਧੂ ਵਾਲਾ ਸੁਆਂਗ ਧਾਰਿਆ ਜਾਏ। ਸੋ ਮੈਂ ਇਸ ਕੁਸੰਗ ਦੇ ਅਧੀਨ ਹੋ ਕੇ ਏਹ ਬੇ-ਅਦਬੀ ਕਰ ਬੈਠਾ ਹਾਂ, ਹੁਣ ਜਿਵੇਂ ਆਪ ਦਾ ਹੁਕਮ ਹੋਵੇ।’

ਮੈਂ ਭਗਤ ਸਿੰਘ ਦੀ ਇਹ ਅਧੀਨਗੀ ਅਤੇ ਸ਼ਰਮਸਾਰੀ ਵੇਖ ਕੇ ਬੜਾ ਹੀ ਖ਼ੁਸ਼ ਹੋਇਆ ਅਤੇ ਉਸ ਦੀ ਸਾਫ਼ ਗੋਈ ਦੀ ਖ਼ੂਬੀ ਜਾਂਚ ਕੇ ਭੀ ਬੜਾ ਮੁਅੱਸਰ ਹੋਇਆ। ਤਦ ਭੀ ਮੈਂ ਹੇਠ ਲਿਖੀਆਂ ਗੱਲਾਂ ਉਸ ਨੂੰ ਕਹੇ ਬਾਝੋਂ ਨਾ ਰਹਿ ਸਕਿਆ –

‘ਵੀਰ ਭਗਤ ਸਿੰਘ ਜੀ ! ਆਪ ਦੇ ਪਿਆਰ ਤੋਂ ਮੈਂ ਬਲਿਹਾਰ ਹਾਂ ਅਤੇ ਆਪ ਦੀ ਦੇਸ਼ ਭਗਤੀ ਵਾਲੀ ਉਪਕਾਰ ਸਪਿਰਟ ਤੋਂ ਭੀ ਬਲ ਬਲ ਜਾਂਦਾ ਹਾਂ। ਪਰ ਵੀਰ ਜੀ ! ਉਪਕਾਰ ਕਮਾਵਣ ਲਈ ਤੁਹਾਡੇ ਸਲਾਹਕਾਰਾਂ ਨੇ ਤੁਹਾਨੂੰ ਅੱਛੀ ਸਲਾਹ ਨਹੀਂ ਦਿੱਤੀ। ਤੁਸੀਂ ਤਨਕ ਮਾਤਰ ਤੁਨਕਾ ਹੀ ਭਾਲਦੇ ਸੀ, ਬੜੀ ਛੇਤੀ ਓਹਨਾਂ ਦੀ ਏਸ ਕੁਢੰਗੀ ਸਲਾਹ ਦੇ ਅਧੀਨ ਹੋ ਗਏ। ਇਹ ਜ਼ਮਾਨਾ ਜਿਸ

ਸਮੇਂ ਕਿ ਤੁਸੀਂ ਉਠੇ ਹੋ ਬੜੀ ਜਾਗ੍ਰਤ ਦਾ ਹੈ। ਸਾਰਾ ਦੇਸ਼ ਹੀ ਜਾਗ ਰਿਹਾ ਹੈ। ਇਸ ਵੇਲੇ ਤਾਂ ਆਪ ਨਿਸੰਗ ਆਪਣੇ ਸਿੱਖੀ ਵੇਸ ਵਿਚ ਹੀ ਜੋ ਚਾਹੋ ਸੋ ਉਪਕਾਰ ਕਮਾ ਸਕਦੇ ਸੀ। ਆਪ ਨੂੰ ਪਤਾ ਹੀ ਹੈ ਕਿ ਸਾਡੇ ਜ਼ਮਾਨੇ ਵਿਚ ੧੯੧੪-੧੫ ਵਾਲੇ ਸਮੇਂ ਸਾਰੇ ਹਿੰਦੁਸਤਾਨ ਵਿਚ ਵਿਰਲੀਆਂ ਵਾਂਜੀਆਂ ਰੂਹਾਂ ਹੀ ਜਾਗੀਆਂ ਸਨ। ਖਾਸ ਕਰ ਕੇ ਪੰਜਾਬ ਵਿਚ ਤਾਂ ਗਿਣਤੀ ਦੇ ਉਂਗਲਾਂ ਤੇ ਗਿਣਨ ਜੋਗੇ ਸਿੱਖ ਹੀ ਸਨ, ਜਿਨ੍ਹਾਂ ਨੇ ਕਿ ਦੇਸ਼ ਭਗਤੀ ਦਾ ਬੀੜਾ ਚੁੱਕਿਆ ਅਤੇ ਉਸ ਵੇਲੇ ਬਾਹਰ ਦੇਸਾਂ ਕੈਨੇਡਾ ਅਮਰੀਕਾ ਤੋਂ ਆਏ ਦੇਸ਼ ਭਗਤਾਂ ਦਾ ਪੰਜਾਬ ਵਿੱਚ ਬੱਚਾ ਬੱਚਾ ਮੁਖ਼ਾਲਿਫ਼ ਬਣਿਆ ਸੀ। ਮੈਂ ਆਪ ਨੂੰ ਵੰਨਗੀ ਮਾਤਰ ਉਸ ਵਕਤ ਦੇ ਆਪਣੇ ਦੇਸ਼ ਭਗਤ ਭਰਾਵਾਂ ਦੀ ਇਕੋ ਮਿਸਾਲ ਹੀ ਪੇਸ਼ ਕਰਦਾ ਹਾਂ। ਭਾਈ ਨਿਧਾਨ ਸਿੰਘ ਜੀ* ਚੁੱਘੇ ਵਾਲੇ ਇਕ ਬੜੇ ਉੱਘੇ ਦੇਸ਼ ਭਗਤ ਹਨ। ਏਹ ਬਾਹਰੋਂ ਟਾਪੂਆਂ ਵਿਚੋਂ ਸੈਂਕੜੇ ਹੀ ਰੂਹਾਂ ਨੂੰ ਦੇਸ਼ ਕੁਰਬਾਨੀ ਹਿਤ ਪਰੇਰ ਕੇ ਲਿਆਏ ਅਤੇ ਹਜ਼ਾਰਾਂ ਰੁਪੈ ਆਪਣੇ ਪਲਿਓਂ ਖ਼ਰਚ ਕਰ ਕੇ ਨਛਾਵਰ ਕਰ ਦਿਤੇ। ਫੇਰ ਕੋਈ ਗੁੱਝੇ ਛਿਪੇ ਨਹੀਂ ਆਏ, ਜਹਾਜ਼ਾਂ ਵਿਚ ਪ੍ਰਗਟ ਤੌਰ ਪਰ ਆਏ। ਪਰ ਹਿੰਦੁਸਤਾਨ ਵਿਚ ਆਉਂਦਿਆਂ ਹੀ ਉਹਨਾਂ ਨੂੰ ਫਾਹੁਣ ਦਾ ਜਾਲ ਵਿਛ ਗਿਆ, ਪਰ ਉਹ ਤੇ ਉਸ ਦੇ ਕਈ ਦਰਜਨ ਦੇਸ਼ ਭਗਤ ਸਾਥੀ ਸਹੀ ਸਲਾਮਤ ਹਿੰਦੁਸਤਾਨ ਵਿਚ ਪੁੱਜਣ ਵਿਚ ਕਾਮਯਾਬ ਹੋਏ। ਪਰੜ ਜਕੜ ਤੋਂ ਉਕੇ ਹੀ ਅਛੋਹ ਰਹੇ। ਪੰਜਾਬ ਵਿਚ ਆ ਗੱਜੇ। ਜੋ ਜੋ ਕਾਰਨਾਮੇਂ ਇਹਨਾਂ ਨੇ ਪੰਜਾਬ ਆ ਕੇ ਕਰ ਦਿਖਾਏ ਆਪ ਉਹਨਾਂ ਤੋਂ ਭਲੀ ਪਰਕਾਰ ਵਾਕਿਫ਼ ਹੀ ਹੋ। ਉਹਨਾਂ ਦੇ ਵਾਰੰਟ ਨਿਕਲੇ ਹੋਏ ਸਨ। ਹੁਲੀਏ ਛਪੇ ਹੋਏ ਸਨ। ਉਹਨਾਂ ਦੀ ਗ੍ਰਿਫਤਾਰੀ ਦੇ ਇਨਾਮ ਮੁਸ਼ਤਿਹਰ ਹੋ ਚੁਕੇ ਸਨ। ਸਾਰੇ ਜ਼ਮਾਨੇ ਦੀ ਹਵਾ ਉਨ੍ਹਾਂ ਦੇ ਉਲਟ ਸੀ, ਚਾਰ ਚੌਫੇਰੇ ਉਹਨਾਂ ਦੀ ਪਕੜ ਧਕੜ ਦੀ ਦੌੜ ਭੱਜ ਹੋ ਰਹੀ ਸੀ। ਉਸ ਦੌੜ ਭੱਜ ਵਿਚ ਉਹ ਨਿਰਭੈ ਨਿਧੜਕ ਫਿਰਦੇ ਰਹੇ। ਉਨ੍ਹੀਂ ਦਿਨੀਂ ਦੇਸ਼ ਉਪਕਾਰ ਦੀ ਘਾਲਣਾ ਦਾ ਦਾਰੋਮਦਾਰ ਦੇਸ਼ ਭਗਤ ਤਬਕੇ ਵਿਚ ਬਹੁਤ ਸਾਰਾ ਭਾਈ ਨਿਧਾਨ ਸਿੰਘ ਜੀ ਦੀ ਹਸਤੀ ਉਪਰ ਹੀ ਮੁਨਹਸਰ ਸੀ। ਨਿਰਭੈਤਾ ਵਿਚ ਤਾਂ ਵੀਰ ਕਰਤਾਰ ਸਿੰਘ ਸਰਾਭਾ ਭੀ ਆਪਣੀ ਮਿਸਾਲ ਆਪ ਹੀ ਸੀ। ਉਸ ਦੇ ਦਿਲ ਵਿਚ ਇਕ ਦਿਨ ਇਹ ਖ਼ਿਆਲ ਆਇਆ ਅਤੇ ਕੁਸੰਗ ਦੇ ਅਸਰ ਕਰ ਕੇ ਆਇਆ ਕਿ ਕਿਤੇ ਭਾਈ ਨਿਧਾਨ ਸਿੰਘ ਅਜਾਈਂ ਫੜੇ ਹੀ ਨਾ ਜਾਣ, ਉਹਨਾਂ ਤੋਂ ਦੇਸ਼ ਭਗਤਾਂ ਨੇ ਕੰਮ ਬਹੁਤ ਲੈਣਾ ਹੈ ਸੋ ਉਹਨਾਂ ਨੂੰ ਚਿਰੰਕਾਲ ਕਾਮਯਾਬ ਰਖਣ ਲਈ ਰਾਜਨੀਤੀ ਭਾਸਣੀ ਕਮਜ਼ੋਰੀ ਦੇ ਪਰਾਇਣ ਹੋ ਕੇ ਵੀਰ ਕਰਤਾਰ ਸਿੰਘ ਨੇ ਭਾਈ ਨਿਧਾਨ ਸਿੰਘ ਨੂੰ ਇਹ ਸਲਾਹ ਦਿਤੀ ਕਿ 'ਆਪ ਆਪਣੇ ਦਾੜ੍ਹੇ ਨੂੰ ਵਸਮਾਂ ਲਗਾ ਲਉ ਤਾਂਕਿ ਹੁਲੀਏ ਦੇ ਨਿਸ਼ਾਨ ਗਲਤ ਹੋ ਜਾਣ ਅਤੇ ਕੋਈ ਪਛਾਣ ਨਾ ਸਕੇ।'

---

* ਭਾਈ ਨਿਧਾਨ ਸਿੰਘ ਪਿੰਡ ਚੁੱਘਾ, ਤਸੀਲ ਮੋਗਾ, (ਫ਼ਰੋਜ਼ਪੁਰ) ਪਹਿਲੇ ਮੁਕੱਦਮਾ ਸਾਜ਼ਸ਼ ਲਾਹੌਰ ਵਿੱਚ ੧੩ ਦਸੰਬਰ ੧੯੧੫ ਨੂੰ ਸਜ਼ਾਯਾਬ ਹੋਏ। ਫੇਰ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਗਈ। ੧੯੩੦ ਵਿਚ ਰਿਹਾ ਹੋਏ। ਤ੍ਰੀਕ ੬ ਦਸੰਬਰ ੧੯੩੬ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ ਮੋਗੇ ਵਿਚ ਚਲਾਣਾ ਕਰ ਗਏ।

'ਭਾਈ ਨਿਧਾਨ ਸਿੰਘ ਨੇ ਬੜੀ ਬੀਰਤਾ ਨਾਲ ਉੱਤਰ ਦਿਤਾ ਕਿ 'ਮੈਂ ਮੂੰਹ ਕਾਲਾ ਕਰ ਕੇ ਤੇ ਚਮਕਦੇ ਹੀਰਿਆਂ ਉਤੇ ਗੋਹੇ ਦਾ ਪਰੋਲਾ ਫੇਰ ਕੇ ਆਪਣੀ ਬੀਰਤਾ ਨੂੰ ਕਲੰਕਤ ਨਹੀਂ ਕਰਨਾ ਚਾਹੁੰਦਾ। ਮੈਥੋਂ ਜੋ ਕੁਛ ਕੰਮ ਲੈਣਾ ਹੈ ਏਸੇ ਵੇਸ ਵਿਚ ਲਵੋ ਅਤੇ ਮੇਰੇ ਅੰਦਰ ਕਾਇਰਤਾ ਮੱਤ ਪੈਦਾ ਕਰੋ।' ਉਨ੍ਹਾਂ ਨੂੰ ਬਹੁਤ ਗਿਰਾਉਣਾ ਚਾਹਿਆ ਪਰ ਉਹ ਆਪਣੇ ਨਿਸਚੇ ਵਿਚ ਅਚੱਲ ਤੇ ਅਟੱਲ ਰਹੇ। ਏਸ ਸੱਜਣ ਨੇ ਤੀਹ ਤੀਹ ਚਾਲੀ ਚਾਲੀ ਕੋਹ ਦਾ ਪੰਧ ਇਕਸੈ ਦਿਹਾੜੀ 'ਚ ਕੀਤਾ ਤੇ ਪੁਲਿਸ ਦੇ ਪਹਿਰਿਆਂ ਦੇ ਕੋਲ ਦੀ ਨਿਧੜਕ ਹੋ ਕੇ ਲੰਘ ਜਾਂਦਾ ਰਿਹਾ ਤੇ ਕੰਮ ਏਤਨੇ ਭਾਰੀ ਭਾਰੀ ਵਿਸ਼ੇਸ਼ਤਾ ਵਾਲੇ ਕੀਤੇ ਜਿਸ ਦੇ ਮੁਕਾਬਲੇ ਤੁਹਾਡੇ ਚਿਤਵਿਆ ਕੰਮ ਪਾਸੰਗ ਮਾਤ੍ਰ ਸੀ, ਪਰ ਉਨ੍ਹਾਂ ਨੇ ਚਿੱਟੇ ਦਾੜ੍ਹੇ ਨੂੰ ਕਾਲਾ ਕਰਨਾ ਭੀ ਮੰਨਜ਼ੂਰ ਨਹੀਂ ਕੀਤਾ ਸੀ। ਤੁਸਾਂ ਦਾੜ੍ਹਾ ਤੇ ਕੇਸ ਵੀ ਕਤਲ ਕਰਾ ਦਿਤੇ।'

ਭਗਤ ਸਿੰਘ – ਦਰਅਸਲ ਸਾਂਡਲਰ ਦਾ ਕਾਤਲ ਮੈਂ ਨਹੀਂ। ਮੇਰੇ ਪਰ ਇਲਜ਼ਾਮ ਲੱਗ ਗਿਆ। ਮੈਂ ਜਾਤਾ ਕਿ ਮੌਕੇ ਨੂੰ ਹੱਥੋਂ ਕਿਉਂ ਗਵਾਵਾਂ ਤੇ ਸਾਰਾ ਇਲਜ਼ਾਮ ਆਪਣੇ ਉਪਰ ਲੈ ਲਿਆ। ਲਾਭ ਇਹ ਹੋਇਆ ਕਿ ਕਰੈਡਿਟ ਸਾਰਾ ਮੈਨੂੰ ਮਿਲ ਗਿਆ। ਉਂਵ ਭੀ ਮੈਨੂੰ ਬਚਣ ਦੀ ਕੋਈ ਆਸ ਨਹੀਂ ਸੀ।

ਮੈਂ – ਫੋਕੇ ਕਰੈਡਿਟ ਮਿਲਣ ਦੀ ਫੋਕੀ ਖੁਸ਼ੀ ਦਾ ਹਾਸਲ ਕਰਨਾ ਸੱਚੇ ਦੇਸ਼ ਭਗਤ ਦਾ ਆਦ੍ਰਸ਼ ਨਹੀਂ ਹੋਣਾ ਚਾਹੀਦਾ। ਦੁਨੀਆਂ ਦੀ ਚਾਰ ਦਿਨ ਦੀ ਵਾਹ ਵਾਹ ਕੀ ਖ਼ੁਮਾਰੀ ਵਿਚ ਆਪ ਨੂੰ ਸੱਚੇ ਆਦ੍ਰਸ਼ ਤੋਂ ਗਿਰਨ ਦਾ ਅਹਿਸਾਸ ਭੀ ਨਾ ਰਿਹਾ ਤੇ ਨਾ ਹੀ ਆਪਣੇ ਅਸਲੀ ਨਿਸ਼ਚੇ ਤੋਂ ਖੁੰਝਣ ਦਾ ਪਛੋਤਾਵਾ ਹੀ ਲੱਗਾ। ਇਕ ਅਖਬਾਰੀ ਵਡਿਆਈ ਦਾ ਛੁਣ-ਛੁਣਾ ਹੀ ਪੱਲੇ ਰਹਿ ਗਆ। ਗੁਰੂ ਦੀ ਮੋਹਰ ਸਾਬਤ ਸੂਰਤ ਐਵੇਂ ਭੰਗ ਦੇ ਭਾੜੇ ਹੀ ਝੂਠੇ ਬਫ਼ਣ ਬਫ਼ਾਓ ਦੇ ਲਾਲਚ ਵਿਚ ਗਵਾ ਲਈ। ਭਲਾ ਜੇ ਗ਼ਲਤੀ ਹੋ ਗਈ ਸੀ ਤਾ ਉਸ ਦੀ ਤਲਾਫ਼ੀ ਤਾਂ ਹੋਣੀ ਚਾਹੀਦੀ ਸੀ। ਫੇਰ ਮੁੜ ਕੇਸ ਰੱਖ ਲੈਣੇ ਸਨ। ਮੁੜ ਕੇ ਕਿਉਂ ਨਾ ਰੱਖੇ?

ਭਗਤ ਸਿੰਘ – ਕੇਸ ਤਾਂ ਮੈਂ ਰੱਖ ਲੈਂਦਾ, ਪਰ ਐਸਾ ਕਰਨ ਵਿਚ ਮੈਨੂੰ ਆਪਣੇ ਸਾਥੀ ਦੱਤ (ਭਟ ਕੇਸ਼ੂਰ ਦੱਤ) ਦੀ ਹਮਦਰਦੀ ਤੇ ਸਾਥੀ ਪੁਣੇ ਵਾਲੀ ਅਪਣਤ ਪ੍ਰਾਪਤ ਨਾ ਹੁੰਦੀ। ਦੂਜੀ ਮੈਨੂੰ ਏਡੀ ਸ਼ੁਹਰਤ ਹਾਲਸ ਨਾ ਹੁੰਦੀ ਜਿੱਡੀ ਕਿ ਅੱਜ ਅਖਬਾਰੀ ਦੁਨੀਆਂ ਵਿਚ ਹੋ ਰਹੀ ਹੈ। ਮੈਂ ਸੱਚ ਕਹਿੰਦਾ ਹਾਂ ਕਿ ਮੇਰੀ ਕੁਰਬਾਨੀ ੧੯੧੪-੧੫ ਵਾਲੇ ਦੇਸ਼ ਭਗਤਾਂ ਦੀ ਕਰਬਾਨੀ ਦੇ ਮੁਕਾਬਲੇ ਐਵੇਂ ਤੁੱਛ ਮਾਤ੍ਰ ਹੈ। ਪਰ ਏਨੀਆਂ ਕੁਰਬਾਨੀਆਂ ਕਰਨ ਪਰ ਭੀ ਏਨ੍ਹਾਂ ੧੯੧੪-੧੫ ਵਾਲਿਆਂ ਨੂੰ ਉਸ

ਵਕਤ ਦੀ ਅਖ਼ਬਾਰੀ ਦੁਨੀਆਂ ਵਿਚ ਏਡਾ ਮਾਨ ਨਾ ਮਿਲਿਆ ਕਿਉਂਕਿ ਸਿੱਖ ਅਖ਼ਬਾਰਾਂ ਦੀ ਅੱਵਲ ਤਾਂ ਇਸ਼ਾਇਤ ਹੀ ਕੁਛ ਨਹੀਂ, ਜੇ ਹੈ ਤਾਂ ਉਹ ਉਸ ਸਮੇਂ ਆਪ ਸਜਣਾਂ ਦੀ ਕੁਰਬਾਨੀ ਬਾਰੇ ਪਬਲਿਕ ਵਿਚ ਕੁਛ ਰੌਸ਼ਨੀ ਨਾ ਪਾ ਸਕੇ ਕਿਉਂ ਕਿ ਉਨ੍ਹਾਂ ਦੀ ਡਰੂ ਪਾਲਿਸੀ ਉਨ੍ਹਾਂ ਨੂੰ ਦਬਕਾਈ ਰਖਦੀ ਸੀ। ਏਹ ਅਨਮਤੀ ਅਖ਼ਬਾਰਾਂ ਦੀ ਬਦੌਲਤ ਹੀ ਮੇਰੇ ਨਾਮ ਨੂੰ ਏਤਨੀ ਸ਼ੁਹਰਤ ਮਿਲੀ ਹੈ। ਮੈਂ ਸੱਚ ਕਹਿੰਦਾ ਹਾਂ ਕਿ ਜੇ ਮੈਂ ਸਿੱਖ ਸਮਝਿਆ ਜਾਂਦਾ ਤੇ ਮੇਰੇ ਸਿਰ ਮੂੰਹ ਉਤੇ ਕੇਸ ਦਾੜ੍ਹੇ ਵਾਲੀ ਸਿੱਖ ਹੋਣ ਦੀ ਨਿਸ਼ਾਨੀ ਹੁੰਦੀ ਤਾਂ ਏਹ ਅਨਮਤੀ ਅਖ਼ਬਾਰ ਮੇਰੀ ਸ਼ੋਭਾ ਵਡਿਆਈ ਵਿਚ ਇਕ ਲਫਜ਼ ਭੀ ਨ ਲਿਖਦੇ। ਸਿੱਖ ਅਖ਼ਬਾਰਾਂ ਵਿਚੋਂ ਭੀ ਉਸ ਵਕਤ ਮਾੜਾ ਮੋਟਾ ਜੋ ਕੁਝ ਲਿਖਿਆ ਸੋ ਉਰਦੂ ਦੇ 'ਖ਼ਾਲਸਾ ਅਖ਼ਬਾਰ ਲਾਹੌਰ' ਨੇ ਹੀ ਲਿਖਿਆ। ਉਹ ਭੀ ਮਹਿਦੂਦ ਸ਼ਕਲ ਵਿਚ। ਮੈਨੂੰ ਏਹ ਪਤਾ ਸੀ ਕਿ ਹਿੰਦੂ ਅਖ਼ਬਾਰ ਸਿੱਖ ਦੇਸ਼ ਭਗਤਾਂ ਦੀ ਵਡਿਆਈ ਲਿਖਣੋਂ ਖੁਣਸ ਜਾਂਦੇ ਹਨ ਤੇ ਏਨ੍ਹਾਂ ਨੂੰ ਉਨ੍ਹਾਂ ਦੀ ਵਡਿਆਈ ਭਾਉਂਦੀ ਨਹੀ। ਜੇ ਮੈਂ ਭੀ ਕੇਸ ਮੁੜ ਰਖ ਲੈਂਦਾ ਤਾਂ ਮੈਨੂੰ ਵਡਿਆਉਣਾ ਕਿੰਨ੍ਹ ਸੀ? ਛੁਟਿਆਉਂਦੇ ਹੀ। ਏਸ ਕਰ ਕੇ ਮੈਂ ਕੇਸ ਮੁੜ ਰਖਣੋਂ ਹੋਰ ਘੇਸਲ ਵੱਟ ਛੱਡੀ।

ਮੈਂ – ਪਿਆਰੇ ਭਗਤ ਸਿੰਘ ਜੀ ! ਆਪ ਦੀ ਦੇਸ਼ ਭਗਤੀ ਦਾ ਆਦ੍ਰਸ਼ ਪਿਆਰ ਬੜਾ ਹੀ ਨੀਵਾਂ ਤੇ ਹੋਛਾ ਹੈ। ਸ਼ੁਹਰਤ ਵਡਿਆਈ ਦੀ ਖ਼ਾਤਰ ਦੇਸ਼ ਭਗਤੀ ਦੀਆਂ ਉਪਕਾਰ ਕਮਾਈਆਂ ਦੇ ਅਡੰਬਰ ਰਚਣੇ ਬਿਰਥੇ ਤੇ ਐਵੇਂ ਤਿਫਲ ਛਛੋਹਰੀਆਂ ਬਾਦ ਬਫ਼ਾਈਆਂ ਹਨ। ੧੯੧੪-੧੫ ਵਾਲੇ ਦੇਸ਼ ਭਗਤਾਂ ਜੋ ਕੁਝ ਕੀਤਾ, ਕਮਾਇਆ, ਕੇਵਲ ਦੇਸ਼ ਸੇਵਾ ਨੂੰ ਮੁੱਖ ਰੱਖ ਕੇ ਕੀਤਾ ਤੇ ਨਿਸ਼ਕਾਮ ਦੇਸ਼ ਭਗਤੀ ਕਮਾਈ। ਸ਼ੁਹਰਤ ਵਡਿਆਈ ਦਾ ਸੁਪਨ ਸਾਰਖ਼ਾ ਭੀ ਖਿਆਲ ਗੁਮਾਨ ਉਨ੍ਹਾਂ ਦੇ ਨੇੜੇ ਨਹੀਂ ਆਇਆ ਸੀ। ਸ਼ੁਹਰਤ ਦਾ ਪਿਆਰ ਦੇਸ਼ ਭਗਤਾਂ ਦੀ ਦੇਸ਼ ਭਗਤੀ ਨੂੰ ਕਲੰਕਤ ਕਰਨ ਵਾਲਾ ਹੈ। ਕੁਸੰਗ ਦੇ ਫੇਰ ਵਿਚ ਆਪ ਨੂੰ ਹੋਛੇ ਖਿਆਲ ਮਾਣ, ਵਡਿਆਈਆਂ ਦੇ ਚਿੰਬੜ ਰਹੇ। ਅਖ਼ਬਾਰੀ ਮਾਣ, ਵਡਿਆਈਆਂ ਤੇ ਸ਼ੁਹਰਤਾਂ ਸਭ ਵਾਧੂ ਹੀ ਹਨ ਤੇ ਏਹਨਾਂ ਦੇ ਸੋਹਿਲੇ ਤੇ ਇਨ੍ਹਾਂ ਸੋਹਲਿਆਂ ਦੇ ਸੁਣਨ ਦੇ ਚਾਹਵਾਨਾਂ ਪਰ ਹੀ ਏਹ ਗੁਰਵਾਕ ਘਟਦਾ ਹੈ:-

"ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥ "*

---

* ਮਲਾਰ ਕੀ ਵਾਰ ਸਲੋਕ ਮ: ੧, ੧੨੮੬

ਏਹ ਗੱਲਾਂ ਸੁਣ ਕੇ ਭਗਤ ਸਿੰਘ ਬੜਾ ਹੀ ਮੁਤੱਸਾਰ ਹੋਇਆ, ਤੇ ਕਹਿ ਉਠਿਆ ਕਿ 'ਸੱਚ ਮੁਚ ਗੁਰੂ ਘਰ ਦਾ ਤੇ ਗੁਰੂ ਕੇ ਸਿੱਖਾਂ ਦਾ ਆਦਰਸ਼ ਬੜਾ ਉੱਚਾ ਹੈ। ਆਮ ਦੁਨੀਆਂ ਫੋਕੀਆਂ ਵਡਿਆਈਆਂ ਦੇ ਵਹਿਣਾਂ ਵਿਚ ਹੀ ਰੁੜ੍ਹੀ ਪਈ ਹੈ। ਮੈਨੂੰ ਵੀ ਦੁਨੀ ਵਜਾਦੀ ਵਜਦੀ ਦੇ ਨਾਲ ਹੀ ਏਸ ਤਾੜੇ ਵੱਜਣਾ ਪੈ ਗਿਆ। ਪਰ ਅੱਜ ਪਰਤੀਤ ਹੋਇਆ ਕਿ ਇਹ ਸਭ ਹੈਂਕੜ ਬਾਜ਼ੀਆਂ ਦੇ ਨੁਮਾਇਸ਼ੀ ਮੁਜ਼ਾਹਰੇ ਹੀ ਹਨ। ਮੇਰੀ ਬੜੀ ਹੀ ਖੁਸ਼-ਕਿਸਮਤੀ ਹੁੰਦੀ ਜੇਕਰ ਆਪ ਜੈਸੇ ਸੱਜਣਾਂ ਦੀ ਸੰਗਤ ਦੋ ਚਾਰ ਮਹੀਨੇ ਰਹਿੰਦੀ। ਜੇ ਦੋ ਚਾਰ ਮਹੀਨੇ ਹੀ ਮੈਨੂੰ ਆਪ ਦੀ ਸੰਗਤ ਵਿਚ ਰਹਿਣ ਦਾ ਮੌਕਾ ਮਿਲਦਾ ਤਦ ਮੈਨੂੰ ਬਹੁਤ ਲਾਭ ਪਹੁੰਚਦਾ ਤੇ ਮੇਰਾ ਕੁਝ ਸੌਰ ਜਾਂਦਾ ਤੇ ਮੇਰੀਆਂ ਊਣਤਾਈਆਂ ਦੂਰ ਹੋ ਜਾਂਦੀਆਂ। ਹੁਣ ਮੈਨੂੰ ਹੁਕਮ ਕਰੋ। ਆਪ ਦਾ ਹੁਕਮ ਇਸ਼ਾਰਾ ਇਹ ਹੈ ਕਿ ਮੈਂ ਫਿਰ ਕੇਸਾਧਾਰੀ ਹੋ ਜਾਵਾਂ। ਸੱਚ ਮੁੱਚ ਮੈਂ ਬਹੁਤ ਬੁਰਾ ਕੀਤਾ ਜੋ ਮੈਂ ਆਪਣੇ ਖਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰੱਖਣ ਦੀ ਰਿਵਾਇਤ ਦੇ ਉਲਟ ਗੁਰੂ ਕੀ ਮੋਹਰ ਦੀ ਬੇਅਦਬੀ ਕੀਤੀ। ਪਰ ਮੈਂ ਆਪ ਪਾਸੋਂ ਇਕ ਹੋਰ ਗੱਲ ਛੁਪਾਉਣੀ ਭੀ ਪਾਪ ਸਮਝਦਾ ਹਾਂ। ਉਹ ਇਹ ਕਿ ਚਾਹੇ ਸਾਡੇ ਖ਼ਾਨਦਾਨ ਵਿਚ ਪਿਤਾ ਪੁਰਖੀ ਕੇਸ ਰੱਖਣ ਦੀ ਰੀਤ ਚਲੀ ਆਈ ਹੈ ਤੇ ਮੇਰੇ ਉਸ ਖ਼ਾਨਦਾਨੀ ਰਵਾਇਤੀ ਰੀਤ ਕਰ ਕੇ ਕੇਸ ਰਖੇ ਹੋਏ ਸਨ। ਮੈਂ ਆਪਣੇ ਆਪ ਨੂੰ ਸਿੱਖ ਸਦਵਾਉਣਾ ਵੀ ਫ਼ਖ਼ਰ ਸਮਝਦਾ ਹਾਂ ਪਰ ਵਾਸਤਵ ਵਿਚ ਗੱਲ ਇਹ ਹੈ ਕਿ ਮੇਰਾ ਦਿਲ ਸਿੱਖ ਨਹੀਂ ਤੇ ਮੈਨੂੰ ਮਾਫ਼ ਕਰੋਗੇ ਜੇ ਮੈਂ ਸਾਫ਼ ਲਫਜ਼ਾਂ ਵਿਚ ਆਪਣੇ ਦਿਲ ਨੂੰ ਖੋਹਲ ਦੇਵਾਂ ਤੇ ਕਹਿ ਦੇਵਾਂ ਕਿ ਮੈਂ ਨਾਸਤਕ ਹਾਂ, ਰੱਬ ਨੂੰ ਨਹੀਂ ਮੰਨਦਾ ਤੇ ਮੇਰੀ ਸਾਰੀ ਮੰਡਲੀ ਭੀ ਏਸ ਗੱਲ ਨੂੰ ਜਾਣਦੀ ਹੈ, ਪਰ ਆਪ ਦਾ ਹੁਕਮ ਮੰਨਣ ਵਿਚ ਮੈਨੂੰ ਕੋਈ ਉਜ਼ਰ ਨਹੀਂ ਆਪ ਹੁਕਮ ਦਿਉ ਤਾਂ ਮੈਂ ਕੇਸ ਰੱਖ ਲਵਾਂ। ਕਾਸ਼ ! ਮੈਂ ਆਪ ਦੀ ਸੰਗਤ ਵਿਚ ਕੁਝ ਅਰਸਾ ਨੇੜੇ ਹੋ ਕੇ ਰਹਿੰਦਾ ਤਾਂ ਮੇਰੇ ਨਾਸਕਤਾ ਵਾਲੇ ਖਿਆਲ ਭੀ ਪਲਟ ਜਾਂਦੇ।'

ਮੈਂ – ਮੈਂ ਬੜਾ ਖੁਸ਼ ਹੋਇਆ ਹਾਂ ਕਿ ਆਪ ਨੇ ਸੱਚੋ ਸੱਚ ਆਪਣੇ ਦਿਲ ਦੀ ਵਿਥਿਆ ਸੁਣਾ ਦਿਤੀ ਹੈ ਤੇ ਕੋਈ ਲੁਕੋ ਨਹੀਂ ਰਖਿਆ। ਨਾਸਤਕਤਾ ਵਾਲੀ ਦਸ਼ਾ ਵਿਚ ਹੁੰਦਿਆਂ ਆਪ ਤੋਂ ਕੇਸ ਰਖਾਉਣ ਦਾ ਰੰਚਕ ਲਾਭ ਨਹੀਂ, ਨਾ ਹੀ ਸਾਨੂੰ ਕੋਈ ਫ਼ਖ਼ਰ ਹੈ। ਮੈਨੂੰ ਹੁਣ ਤੁਹਾਨੂੰ ਕੇਸ ਰਖਾਉਣ ਦਾ ਕੋਈ ਚਾਉ ਨਹੀਂ ਤੇ ਨਾ ਹੀ ਨਾ ਰਖਣ ਦਾ ਅਫ਼ਸੋਸ ਹੈ। ਅਰਮਾਨ ਹੈ ਤਾਂ ਕਿ ਤੁਸੀਂ ਆਸਤਕ ਨਿਸਚੇ ਵਿਚ ਹੁੰਦੇ ਹੋਏ ਲੇਖੇ ਲਗਦੇ। ਤੁਸੀਂ ਫਾਂਸੀ ਜ਼ਰੂਰ ਚੜ੍ਹਨਾ ਹੈ। ਫਾਂਸੀ ਚੜ੍ਹਨ ਤੋਂ ਪਹਿਲਾਂ ਜੇ ਤੁਹਾਡੀ ਨਾਸਤਕਤਾ ਦੂਰ ਹੋ ਜਾਂਦੀ ਤਾਂ ਬੜੀ ਹੀ ਚੰਗੀ ਗੱਲ ਹੁੰਦੀ। ਚਾਹੇ ਤੂੰ ਰੱਬ ਨੂੰ ਨਹੀਂ ਮੰਨਦਾ ਪਰ ਇਕ ਗਲ ਯਾਦ ਰੱਖ ਤੇ ਉਸ ਉਪਰ ਆਪਣਾ ਨਿਸਚਾ ਕਾਇਮ ਕਰ ਤੇ ਏਹ ਗੱਲ ਹਿਰਦੇ ਉਪਰ ਉੱਕਰ ਲੈ ਕਿ ਤੈਂ ਮਰਨਾ ਨਹੀਂ, ਮੁੜ ਕੇ ਫੇਰ ਆਉਣਾ ਹੈ, ਆਤਮਾ ਅਜਰ ਅਮਰ ਹੈ, ਏਸ ਨੇ ਮੁੱਕ ਨਹੀਂ ਜਾਣਾ, ਏਸ ਨੇ ਬਾਰ ਬਾਰ ਆਉਣਾ ਹੈ......ਬੱਸ ਤੂੰ ਏਹ ਗਲ ਪੱਥਰ ਤੇ ਲਕੀਰ ਸਮਝ ਕਿ ਤੈਂ ਮਰਨਾ ਮੁੱਕਣਾ ਨਹੀਂ, ਫੇਰ ਆਉਣਾ ਹੈ। ਮਾਨੁਖ ਜਾਮੇ ਵਿਚ ਆਉਣਾ ਹੈ। ਜ਼ਰਾ

ਅੰਦਰ ਝਾਤੀ ਮਾਰ ਕਿ ਤੂੰ ਕੌਣ ਹੈਂ? ਆਤਮਾ ਹੈਂ ਕਿ ਮਿਰਤਕ ਮੜ੍ਹਾ ਸਰੀਰ? ਕੀ ਏਹ ਬੋਲਣਹਾਰ, ਸਮਝਣ ਸੋਚਣਹਾਰ, ਉਪਕਾਰ ਚਿਤਵਨਹਾਰ, ਉਚੀਆਂ ਕਰਨੀਆਂ ਲੋਚਨਹਾਰ ਜੋ ਕੁਛ ਤੂੰ ਹੈ, ਏਹ ਤੇਰਾ ਹਡ ਚੰਮ ਮਾਸ ਰਕਤ ਦੇ ਮੜ੍ਹੇ ਸਰੀਰ ਨਾਲ ਹੀ ਮੁਕ ਠੁੱਕ ਜਾਏਗਾ? ਕਦੇ ਨਹੀਂ! ਤੈਂ ਨਹੀਂ ਹਾਲੇ ਮੁੱਕਣਾ, ਨਾ ਕਦੇ ਮਰਨਾ ਹੈ।

ਏਹ ਉਪਰਲੇ ਬਚਨ ਐਸੇ ਵਜਦ ਅਤੇ ਚੜ੍ਹਦੀ ਕਲਾ ਦੇ ਰੰਗਾਂ ਵਿਚ ਉਚਰੇ ਗਏ (ਉਚਰਾਉਣਹਾਰੇ ਨੇ ਉਚਰਾਏ) ਕਿ ਭਗਤ ਸਿੰਘ ਏਹਨਾਂ ਬਚਨਾਂ ਨੂੰ ਸੁਣ ਕੇ ਕਈ ਮਿੰਟਾਂ ਤਾਈਂ ਦਮ ਬਖੁਦ ਰਿਹਾ। ਉਸ ਦੀ ਨੀਵੀਂ ਹੇਠ ਨੂੰ ਪੈ ਗਈ, ਬੇ-ਹਿਸੋ ਹਰਕਤ ਜਿਹਾ ਹੋ ਗਿਆ। ਕਈ ਮਿੰਟ ਕੁਛ ਬੋਲਿਆ ਨਹੀਂ। ਮੈਂ ਹੱਥ ਨਾਲ ਹਲੂਣ ਕੇ ਸਾਵਧਾਨ ਕੀਤਾ ਤਾਂ ਕੀ ਵੇਖਦਾ ਹਾਂ ਕਿ ਉਸ ਦੇ ਚੇਹਰੇ ਉਤੇ ਹੋਰ ਅਨੋਖੀ ਆਭਾ ਆਈ ਹੋਈ ਹੈ, ਉਹ ਬੇ-ਅਖਤਿਆਰ ਹੋ ਕੇ ਜੰਗਲੇ ਦੇ ਲਾਗੇ ਹੋ ਕੇ ਮੇਰੇ ਵਲ ਉਲਰਿਆ ਅਤੇ ਜੰਗਲੇ ਵਿਚ ਦੀ ਹੱਥ ਕੱਢ ਕੇ ਹੱਥ ਪਲਮਾਏ ਜਿਵੇਂ ਪੈਰਾਂ ਨੂੰ ਫੜੀਦਾ ਹੈ। ਮੈਂ ਉਸ ਦੇ ਹੱਥ ਫੜ ਲਏ ਤੇ ਕਿਹਾ ਕਿ 'ਚਰਨ ਕੇਵਲ ਗੁਰੂ ਦੇ ਹੀ ਪਰਸੀਦੇ ਹਨ।' ਉਸ ਨੂੰ ਮੈਂ ਉਠਾਇਆ, ਉਠ ਕੇ ਜਦ ਉਹ ਸੰਭਲਿਆ ਤਾਂ ਉਸ ਨੇ ਇਸ ਬਿਧ ਸੰਭਾਖਨ ਕੀਤਾ–

'ਭਾਈ ਸਾਹਿਬ ! ਆਪ ਦੇ ਬਚਨਾਂ ਨੇ ਤਾਂ ਅਮੋਘ ਬਾਣਾਂ ਵਾਲਾ ਕੰਮ ਕੀਤਾ, ਮੇਰੇ ਕੁਫ਼ਰ ਦੇ ਕੜ ਤੋੜ ਦਿਤੇ। ਮੇਰੇ ਉਤੇ ਇਕ ਚੁੰਭਕ ਕਲਾ ਵਾਲਾ ਅਸਰ ਹੋਇਆ। ਮੈਨੂੰ ਇਹ ਮਨ ਬਚ ਕਰਮ ਕਰਕੇ ਨਿਸਚਿਤ ਹੋ ਗਿਆ ਕਿ ਮੈਂ ਮਰਨਾ ਨਹੀਂ। ਮੈਂ ਉਹ ਕੁਛ ਹਾਂ ਜਿਸ ਨੇ ਮੁੱਕ ਨਹੀਂ ਜਾਣਾ, ਫ਼ੌਤ ਨਹੀਂ ਹੋ ਜਾਣਾ। ਮੈਂ ਏਹ ਸਰੀਰ ਜਾਮਾ ਛੱਡ ਕੇ ਫੇਰ ਜ਼ਰੂਰ ਆਉਣਾ ਹੈ ਅਤੇ ਫੇਰ ਆਉਣ ਤਾਈਂ ਸਰੀਰ ਛੱਡ ਕੇ ਮੇਰੀ ਆਤਮਾ ਨੇ ਸਦ ਜ਼ੀਸਤੀ ਲਹਿਰਾਉ ਵਿਚ ਕਾਇਮ ਰਹਿਣਾ ਹੈ। ਮੈਨੂੰ ਹੁਣ ਫਾਂਸੀ ਲੱਗਣ ਵਿਚ ਸਰੂਰ ਹਾਲਸ ਹੋਵੇਗਾ। ਮੈਂ ਤਾਂ ਕੇਵਲ ਹਠ ਕਰ ਕੇ ਬਹਾਦਰ ਬਣਿਆ ਹੋਇਆ ਸੀ ਤੇ ਮੌਤ ਨੂੰ ਮਾਉਂ ਸਮਝਦਾ ਸੀ ਪਰ ਅੰਤਰ ਗਤੀ ਮੈਨੂੰ ਏਹ ਹਾਵਾ ਲਗਾ ਹੋਇਆ ਸੀ ਕਿ ਮੈਂ ਮਰ ਕੇ ਕੁਛ ਨਹੀਂ ਰਹਿਣਾ। ਮੇਰੀਆਂ ਅੱਖੀਆਂ ਅਗੇ ਏਹ ਖਿਆਲ ਕਰਕੇ ਹਨੇਰਾ ਛਾ ਜਾਂਦਾ ਸੀ ਤੇ ਬੜੀਆਂ ਟੋਟਾਂ ਪੈਂਦੀਆਂ ਸਨ ਕਿ ਹਾਇ ਮੈਂ ਮਰ ਕੇ ਕੁਛ ਨਹੀਂ ਰਹਿਣਾ। ਆਪ ਦੇ ਬਚਨਾਂ ਨੇ ਮੇਰੀ ਅਚਰਜ ਕਾਇਆਂ ਪਲਟ ਦਿੱਤੀ ਹੈ। ਮੇਰਾ ਅੱਗਾ ਮੇਰੇ ਅਗੇ ਰੌਸ਼ਨ ਹੋ ਗਿਆ ਹੈ। ਨੇਸਤੋ ਨਾਬੂਦੀ ਖਲਾਅ, ਤੌਖਲਾ ਸਭ ਮਿਟ ਗਿਆ ਹੈ। ਮੇਰਾ ਹੌਸਲਾ ਵਧ ਗਿਆ ਹੈ। ਮੈਂ ਹੁਣ ਹੌਸਲੇ ਨਾਲ ਮਰਾਂਗਾ। ਮੈਨੂੰ ਆਪ ਦੇ ਜੀਵਨ ਦੀ ਜੀਵਨ ਬੂਟੀ ਦੀ ਅਕਸੀਰ ਦਾ ਅਮਲ ਚੜ੍ਹ ਗਿਆ ਹੈ। ਆਪ ਦੇ ਜੀਵਨ ਨੇ ਏਹ ਗੱਲ ਤਾਂ ਮੇਰੇ ਹਿਰਦੇ ਅੰਦਰ ਪਹਿਲਾਂ ਹੀ ਉੱਕਰ ਦਿਤੀ ਸੀ ਕਿ ਆਪ ਦੀ ਕਹਿਣੀ ਤੇ ਕਰਣੀ ਇੱਕ ਹੈ। ਆਪ ਦਾ ਜੀਵਣ ਭਰੋਸਾ ਮੇਰੇ ਉਤੇ ਏਹ ਅਕਸ ਲਿਆਇਆ ਹੈ ਕਿ ਆਪ ਸੋਈ ਗੱਲ ਮੂੰਹੋਂ ਬੋਲਦੇ ਕਹਿੰਦੇ ਹੋ ਜਿਸ ਗੱਲ ਦਾ ਕਿ ਆਪਣਾ ਪ੍ਰਤੱਖ ਤਜਰਬਾ ਕੀਤਾ ਹੋਇਆ ਹੁੰਦਾ ਹੈ, ਜਿਸ ਨੂੰ ਕਿ ਆਪ ਨੇ ਪਰਤੱਖ ਪੇਖਿਆ ਹੁੰਦਾ ਹੈ। ਸੋ ਮੈਨੂੰ ਨਾ

ਸਿਰਫ਼ ਏਹ ਨਿਸਚਾ ਹੋ ਗਿਆ ਹੈ ਕਿ ਮੈਂ ਨਹੀਂ ਮਰਨਾ ਅਤੇ ਮੈਂ ਸਦਾ ਜੀਵਨਹਾਰੀ ਆਤਮਾ ਹਾਂ ਬਲਕਿ ਮੈਨੂੰ ਇਹ ਭੀ ਨਿਸਚਾ ਹੋ ਗਿਆ ਹੈ ਕਿ ਰੱਬ ਵੀ ਹੈ ਅਤੇ ਉਸ ਰੱਬ ਨੂੰ ਆਪ ਨੇ ਆਪਣੀ ਅੱਖੀਂ ਦੇਖਿਆ ਹੈ। ਸੋ ਆਪ ਨੂੰ ਇਸ ਤੋਂ ਅਧਿਕ ਸੱਚੀ ਖੁਸ਼ੀ ਨਹੀਂ ਹੋਵੇਗੀ ਕਿ ਅੱਜ ਤੋਂ ਆਪ ਦਾ ਪਿਆਰਾ ਭਗਤ ਸਿੰਘ ਆਤਮ ਜੀਵਨੀ ਆਸਤਕ ਭਗਤ ਸਿੰਘ ਹੈ ਅਤੇ ਆਸਤਕ ਨਿਸਚੇ ਨੂੰ ਨਿਸਚਤ ਕਰਦਾ ਹੋਇਆ ਹੀ ਜਾਨ ਦੇਵੇਗਾ ਅਤੇ ਹੁਣ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅੱਜ ਤੋਂ ਆਪਣਾ ਦਾੜ੍ਹਾ, ਕੇਸ ਕਦੇ ਨਹੀਂ ਕਟਾਵਾਂਗਾ ਅਤੇ ਸਿੱਖ ਨਿਸਚੇ* ਵਿਚ ਆਤਮ ਔਜੀ ਚੜ੍ਹਾਈ ਕਰਾਂਗਾ। ਹਾਂ ! ਸਿੱਖਾਂ ਦੇ ਬੋਲੇ ਵਾਲਾ ਇਹ ਚੜ੍ਹਾਈ ਕਰਨ ਵਾਲਾ ਕੈਸਾ ਸੁੰਦਰ ਅਤੇ ਸੱਚਾ ਅਰਥ ਪ੍ਰਤਿਪਾਦਕ ਹੈ। ਕਿੱਥੇ ਚੜ੍ਹਾਈ ਕਰਨਾ ਅਤੇ ਕਿਥੇ ਮਰਨਾ? ਦੇਹ ਨੂੰ ਤਿਆਗ ਕੇ ਮੇਰੀ ਆਤਮਾ ਚੜ੍ਹਾਈ ਕਰੇਗੀ, ਉਪਰ ਅਕਾਸ਼ ਨੂੰ ਚੜ੍ਹ ਜਾਏਗੀ, ਮਰੇ ਮੁਕੇਗੀ ਨਹੀਂ। ਮੁੜ ਕੇ ਫੇਰ ਜਾਮਾ ਧਾਰੇਗੀ ਅਤੇ ਦੇਸ਼ ਕੌਮ ਦੇ ਉੱਚ ਆਦਰਸ਼ਕ ਕੰਮ ਕਰਾਏਗੀ। ਆਪ ਦੀ ਮੁਲਾਕਾਤ ਦਾ ਸੱਚਾ ਸਿੱਟਾ ਬਹੁਤ ਹੀ ਖੂਬ ਨਿਕਲਿਆ।'

ਬਸ, ਏਤਨੀ ਬਾਤ ਚੀਤ ਸਮਾਤਪ ਹੋਣ ਪਰ ਅਤੇ ਤੱਤ ਆਦਰਸ਼ੀ ਸਿੱਟਾ ਮੁਲਾਕਾਤਾਂ ਦਾ ਨਿਕਲਣ ਪਰ ਅਸੀਂ ਪਰਸਪਰ ਆਖ਼ਰੀ ਫ਼ਤਹ ਬੁਲਾਈ ਅਤੇ ਵਿਗਸ ਵਿਗਸ ਕੇ ਵਿਛੜੇ।

---

* ਭਗਤ ਸਿੰਘ ਦੇ ਫਾਂਸੀ ਲੱਗਣ ਪਿੱਛੋਂ ਅਖਬਾਰਾਂ ਵਿਚ ਏਹ ਸਿਲਸਿਲਾ ਛਿੜਿਆ ਸੀ ਕਿ ਉਸ ਦਾ ਨਿਸਚਾ ਸਿੱਖੀ ਪਰ ਸੀ। ਕਸੂਰ ਦੇ ਗ੍ਰੰਥੀ ਭਾਈ ਨੱਥਾ ਸਿੰਘ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਸੀ ਕਿ ਸੰਸਕਰ ਵੇਲੇ ਭਗਤ ਸਿੰਘ ਦੇ ਛੇ ਛੇ ਇੰਚ ਕੇਸ ਸਨ। ਸਰਕਾਰ ਨੇ ਭੀ ਏਲਾਨ ਕੀਤਾ ਸੀ ਕਿ ਇਸ ਦਾ ਮ੍ਰਿਤਕ ਸੰਸਕਾਰ ਸਿੱਖ ਧਰਮ ਅਨੁਸਾਰ ਕਰਾਇਆ ਗਿਆ ਸੀ। ਬੰਬਈ ਦੇ ਬਲਿਟਜ਼ ਅਖ਼ਬਾਰ ਦੇ ੨੬ ਮਾਰਚ ੧੯੪੯ ਦੇ ਪਰਚੇ ਵਿਚ ਭਗਤ ਸਿੰਘ ਦਾ ਕੇਸਾਂ ਵਾਲਾ ਫੋਟੋ ਛਪਿਆ ਜਿਸ ਦਾ ਬਲਾਕ ਇਸ ਪੁਸਤਕ ਵਿਚ ਦਿੱਤਾ ਹੈ {ਅਗਲੇ ਪੰਨੇ ਤੇ ਦੇਖੋ}। ਇਹ ਫ਼ੋਟੋ ਭਗਤ ਸਿੰਘ ਦੇ ਫਾਂਸੀ ਲਗਣ ਤੋਂ ਕੁਝ ਮਿੰਟ ਪਹਿਲਾਂ ਦਿੱਲੀ ਦੇ ਸਜਣ ਸ਼ਾਮ ਲਾਲ ਨੇ ਖਿਚਿਆ ਸੀ। ਇਸ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਦੇ ਬਚਨਾਂ ਦੇ ਅਸਰ ਕਰ ਕੇ ਭਗਤ ਸਿੰਘ ਸਿੱਖ ਨਿਸਚੇ ਵਿਚ ਆ ਕੇ ਕੇਸਾਧਾਰੀ ਹੋਇਆ ਸੀ।

ਸਰਦਾਰ ਭਗਤ ਸਿੰਘ

ਜਿਨ੍ਹਾਂ ਨੂੰ ਮਾਰਚ ੧੯੩੧ ਨੂੰ
ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿਤੀ ਗਈ